# 11 ਯੂਕੇ/ਯੂਰਪੀਅਨ ਅਰਜ਼ੀਦਾਤਾ ਟ੍ਰਾਂਸਫਰ ਸਕੀਮ (ਯੂਈਏਟੀਐਸ/UEATS)

UK

05 ਅਗਸਤ 2025 ਨੂੰ ਯੂਕੇ ਨੇ ਇੱਕ **ਨਵਾਂ ਕਾਨੂੰਨੀ ਰਾਹ** ਐਲਾਨਿਆ ਜਿਸਨੂੰ **ਯੂਕੇ/ਯੂਰਪੀਅਨ ਅਰਜ਼ੀਦਾਤਾ ਟ੍ਰਾਂਸਫਰ ਸਕੀਮ** ਕਿਹਾ ਜਾਂਦਾ ਹੈ, ਜੋ ਕਿ ਉਹਨਾਂ ਲੋਕਾਂ ਲਈ ਹੈ ਜੋ **ਇਸ ਵੇਲੇ ਫਰਾਂਸ ਵਿੱਚ** ਬਿਨਾਂ ਕਾਨੂੰਨੀ ਇਮੀਗ੍ਰੇਸ਼ਨ ਦਰਜੇ ਦੇ ਰਹਿ ਰਹੇ ਹਨ।
ਇਹ ਸਕੀਮ ਇੱਕ ਮੌਕਾ ਦਿੰਦੀ ਹੈ ਕਿ ਸੀਮਤ ਗਿਣਤੀ ਵਿੱਚ ਲੋਕਾਂ ਨੂੰ ਯੂਕੇ ਵਿੱਚ ਦਾਖਲ ਹੋਣ ਦੀ ਇਜਾਜ਼ਤ ਮਿਲ ਸਕੇ, ਜੋ ਕਿ ਯੂਕੇ ਅਤੇ ਫਰਾਂਸ ਵਿਚਕਾਰ ਹੋਏ ਪਾਇਲਟ ਸਮਝੌਤੇ ਦਾ ਹਿੱਸਾ ਹੈ। ਸਰਕਾਰ ਨੇ ਐਲਾਨ ਕੀਤਾ ਹੈ ਕਿ ਇਸ ਸਕੀਮ ਤਹਿਤ ਯੂਕੇ ਵਿੱਚ ਦਾਖਲ ਹੋਣ ਵਾਲੇ ਹਰ ਵਿਅਕਤੀ ਦੇ ਬਦਲੇ ਇੱਕ ਹੋਰ ਵਿਅਕਤੀ ਨੂੰ ਫਰਾਂਸ ਵਾਪਸ ਭੇਜਿਆ ਜਾਵੇਗਾ।

## ਕੌਣ ਅਰਜ਼ੀ ਦੇਣ ਲਈ ਯੋਗ ਹੈ?

ਤੁਸੀਂ ਅਰਜ਼ੀ ਦੇ ਸਕਦੇ ਹੋ ਜੇ ਤੁਸੀਂ ਇਹ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋ:
- ਤੁਸੀਂ ਇਸ ਵੇਲੇ ਫਰਾਂਸ ਵਿੱਚ ਹੋ। (ਹੋਮ ਆਫਿਸ ਤੁਹਾਡੀ ਸਥਿਤੀ ਦੀ ਪੁਸ਼ਟੀ ਕਰਨ ਲਈ ਕਹਿ ਸਕਦਾ ਹੈ)
- ਤੁਸੀਂ 18 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਹੋ, ਜਾਂ 18+ ਉਮਰ ਵਾਲੇ ਮਾਪੇ ਨਾਲ ਅਰਜ਼ੀ ਦੇ ਰਹੇ ਹੋ।
- ਤੁਹਾਡੇ ਕੋਲ ਫਰਾਂਸ ਵਿੱਚ ਰਹਿਣ ਲਈ ਕੋਈ ਕਾਨੂੰਨੀ ਵੀਜ਼ਾ, ਰਿਹਾਇਸ਼ ਜਾਂ ਇਜਾਜ਼ਤ ਨਹੀਂ ਹੈ।
- ਤੁਸੀਂ ਕਿਸੇ ਵੀ ਯੂਰਪੀ ਦੇਸ਼ ਦੇ ਨਾਗਰਿਕ ਨਹੀਂ ਹੋ।
- ਤੁਹਾਨੂੰ ਕਿਸੇ ਹੋਰ ਦੇਸ਼ ਵਿੱਚ ਪਨਾਹਗਜ਼ੀ ਜਾਂ ਸ਼ਰਨਾਰਥੀ ਦਰਜਾ ਨਹੀਂ ਮਿਲਿਆ।
- ਤੁਸੀਂ ਪਹਿਲਾਂ ਹੀ ਯੂਕੇ ਵਿੱਚ ਨਹੀਂ ਹੋ ਜਾਂ ਪਹਿਲਾਂ ਗੈਰਕਾਨੂੰਨੀ ਤਰੀਕੇ ਨਾਲ ਯੂਕੇ ਵਿੱਚ ਦਾਖਲ ਨਹੀਂ ਹੋਏ।
- ਤੁਹਾਡੇ ਕੋਲ ਪਾਸਪੋਰਟ ਜਾਂ ਪਛਾਣ ਪੱਤਰ ਅਤੇ ਹਾਲ ਹੀ ਦੀ ਫੋਟੋ ਹੈ।

## ਕੀ ਮੈਂ ਆਪਣੇ ਪਰਿਵਾਰ ਨਾਲ ਅਰਜ਼ੀ ਦੇ ਸਕਦਾ/ਸਕਦੀ ਹਾਂ?

ਹਾਂ, ਤੁਸੀਂ ਪਰਿਵਾਰਕ ਸਮੂਹ ਵਜੋਂ ਅਰਜ਼ੀ ਦੇ ਸਕਦੇ ਹੋ ਜੇ ਤੁਸੀਂ:
- ਮਾਪੇ, ਬੱਚਾ ਜਾਂ ਜੀਵਨ ਸਾਥੀ ਹੋ ਅਤੇ ਇਕੱਠੇ ਅਰਜ਼ੀ ਦੇ ਰਹੇ ਹੋ।
- ਇੱਕ ਵਿਅਕਤੀ ਪਹਿਲਾਂ ਅਰਜ਼ੀ ਦਿੰਦਾ ਹੈ ਅਤੇ ਪਰਿਵਾਰਕ ਰੈਫਰੈਂਸ ਨੰਬਰ ਪ੍ਰਾਪਤ ਕਰਦਾ ਹੈ।
- ਹੋਰ ਮੈਂਬਰ ਆਪਣੇ ਅਰਜ਼ੀ ਪੱਤਰ ਵਿੱਚ ਇਹ ਨੰਬਰ ਵਰਤਦੇ ਹਨ।
- ਤੁਹਾਨੂੰ ਸਾਰੇ ਇਕੱਠੇ ਅਰਜ਼ੀ ਦੇਣੀ ਚਾਹੀਦੀ ਹੈ ਅਤੇ ਇੱਕ-ਦੂਜੇ ਨੂੰ ਆਪਣੀ ਅਰਜ਼ੀ ਵਿੱਚ ਦਰਜ ਕਰਨਾ ਚਾਹੀਦਾ ਹੈ।
- ਤੁਹਾਡੇ ਕੋਲ ਜਨਮ ਸਰਟੀਫਿਕੇਟ ਜਾਂ ਵਿਆਹ ਦਾ ਸਰਟੀਫਿਕੇਟ ਹੋਣਾ ਚਾਹੀਦਾ ਹੈ।

## ਮੈਂ ਅਰਜ਼ੀ ਕਿਵੇਂ ਦੇ ਸਕਦਾ/ ਸਕਦੀ ਹਾਂ?

ਅਰਜ਼ੀ ਦੇਣ ਲਈ, ਇਸ ਲਿੰਕ ਰਾਹੀਂ ਆਨਲਾਈਨ "ਐਕਸਪ੍ਰੈਸ਼ਨ ਆਫ ਇੰਟਰੈਸਟ" ਫਾਰਮ ਭਰੋ
https://www.register-uk-european-applicant-transfer-scheme.homeoffice.gov.uk/start
- ਤੁਹਾਨੂੰ ਇੰਟਰਨੈੱਟ ਕਨੈਕਸ਼ਨ ਵਾਲਾ ਡਿਵਾਈਸ, ਇੱਕ ਈਮੇਲ ਐਡਰੈੱਸ ਅਤੇ ਫੋਨ ਨੰਬਰ ਲੋੜੀਂਦੇ ਹੋਣਗੇ ਤਾਂ ਜੋ ਤੁਸੀਂ ਅਰਜ਼ੀ ਦੇ ਸਕੋ। ਤੁਹਾਨੂੰ ਆਪਣੀ ਸਥਿਤੀ ਦੀ ਪੁਸ਼ਟੀ ਕਰਨ ਲਈ ਇੱਕ ਟੈਕਸਟ ਸੁਨੇਹਾ ਮਿਲੇਗਾ।

## ਕੌਣ ਚੁਣਿਆ ਜਾਵੇਗਾ?

ਕਿਹੜੀਆਂ ਅਰਜ਼ੀਆਂ ਨੂੰ ਐਂਟਰੀ ਕਲੀਅਰੈਂਸ ਲਈ ਅੱਗੇ ਵਧਾਇਆ ਜਾਵੇਗਾ, ਇਹ ਪ੍ਰਕਾਸ਼ਿਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਫੈਸਲਾ ਕੀਤਾ ਜਾਵੇਗਾ। ਚੋਣ 3 ਪੜਾਵਾਂ ਵਿੱਚ ਹੋਵੇਗੀ:
- ਪੜਾਅ 1: ਕੀ ਤੁਸੀਂ ਉੱਚ-ਮੰਜ਼ੂਰੀ ਜਾਂ ਉੱਚ-ਮਾਤਰਾ ਵਾਲੀ ਕੌਮ ਤੋਂ ਹੋ?

ਇਸਦਾ ਮਤਲਬ ਹੈ ਕਿ ਯੂਕੇ ਵਿੱਚ ਤੁਹਾਡੇ ਦੇਸ਼ ਦੇ ਨਾਗਰਿਕਾਂ ਵੱਲੋਂ ਕੀਤੀਆਂ ਜ਼ਿਆਦਾਤਰ ਆਸਰਾ ਅਰਜ਼ੀਆਂ ਕਾਮਯਾਬ ਰਹੀਆਂ ਹਨ; ਜਾਂ ਤੁਹਾਡੇ ਦੇਸ਼ ਤੋਂ ਬਹੁਤ ਵੱਡੀ ਗਿਣਤੀ ਵਿੱਚ ਲੋਕ ਯੂਕੇ ਵੱਲ ਆ ਰਹੇ ਹਨ;
- ਪੜਾਅ 2: ਕੀ ਤੁਹਾਡਾ ਯੂਕੇ ਨਾਲ ਕੋਈ ਸੰਬੰਧ ਹੈ?
- ਪੜਾਅ 3: "ਐਕਸਪ੍ਰੈਸ਼ਨ ਆਫ ਇੰਟਰੈਸਟ" ਅਰਜ਼ੀਆਂ ਵਿੱਚੋਂ ਇਕ ਬੇਤਰਤੀਬ ਚੋਣ.

## ਜੇ ਮੇਰੀ ਅਰਜ਼ੀ ਮਨਜ਼ੂਰ ਹੋ ਜਾਵੇ ਤਾਂ ਕੀ ਹੋਵੇਗਾ?

ਜੇ ਹੋਮ ਆਫਿਸ ਤੁਹਾਡੀ ਅਰਜ਼ੀ ਚੁਣਦਾ ਹੈ:
- ਤੁਹਾਨੂੰ **ਯੂਕੇ ਵੀਜ਼ਾ** (ਐਂਟਰੀ ਕਲੀਅਰੈਂਸ) ਵੱਧ ਤੋਂ ਵੱਧ **3 ਮਹੀਨੇ** ਲਈ ਦਿੱਤਾ ਜਾਵੇਗਾ।
- ਤੁਹਾਨੂੰ ਯੂਕੇ ਵਿੱਚ ਦਾਖਲ ਹੋਣ ਲਈ ਯਾਤਰਾ ਦਸਤਾਵੇਜ਼ ਮਿਲੇਗਾ।
- **ਆਉਣ ਤੋਂ ਬਾਅਦ, ਤੁਸੀਂ ਆਸਰਾ ਜਾਂ ਹੋਰ ਇਮੀਗ੍ਰੇਸ਼ਨ ਰਾਹ ਲਈ ਅਰਜ਼ੀ ਦੇ ਸਕਦੇ ਹੋ, ਜੇ ਤੁਸੀਂ ਯੋਗ ਹੋ।**
- ਅਰਜ਼ੀ ਦੇਣ ਵੇਲੇ ਤੁਹਾਨੂੰ ਫਰਾਂਸ ਵਿੱਚ ਵੀਜ਼ਾ ਸੈਂਟਰ ਤੱਕ ਯਾਤਰਾ ਦਾ ਖਰਚਾ ਖੁਦ ਭਰਨਾ ਪਵੇਗਾ।

## ਆਪਣੀ ਅਰਜ਼ੀ ਰੱਦ ਕਰਨਾ

ਤੁਹਾਡੀ ਅਰਜ਼ੀ ਰੱਦ ਜਾਂ ਰੱਦ ਕੀਤੀ ਜਾ ਸਕਦੀ ਹੈ ਜੇ:
- ਜਦੋਂ ਤੁਹਾਡੀ ਅਰਜ਼ੀ ਦੀ ਕਾਰਵਾਈ ਹੋ ਰਹੀ ਹੋਵੇ, ਤੁਸੀਂ ਫਰਾਂਸ ਛੱਡ ਦਿੰਦੇ ਹੋ ਜਾਂ ਗੈਰਕਾਨੂੰਨੀ ਤਰੀਕੇ ਨਾਲ ਯੂਕੇ ਵਿੱਚ ਦਾਖਲ ਹੋ ਜਾਂਦੇ ਹੋ।
- ਤੁਹਾਡੇ ਕੋਲ ਪਹਿਲਾਂ ਹੀ ਫਰਾਂਸ ਵਿੱਚ ਵੀਜ਼ਾ ਹੈ ਜਾਂ ਤੁਹਾਨੂੰ ਕਿਸੇ ਹੋਰ ਥਾਂ ਆਸਰਾ ਮਿਲ ਚੁੱਕਾ ਹੈ।
- ਤੁਸੀਂ ਯੂਕੇ ਹੋਮ ਆਫਿਸ ਦੀਆਂ ਹਦਾਇਤਾਂ ਦੀ ਪਾਲਣਾ ਨਹੀਂ ਕਰਦੇ (ਉਦਾਹਰਨ ਵਜੋਂ, ਬਿਨਾਂ ਵਜ੍ਹਾ ਆਪਣੇ ਯਾਤਰਾ ਜਾਂ ਵੀਜ਼ਾ ਇਕੱਠਾ ਕਰਨ ਦੀ ਮਿਤੀ ਗੁਆ ਲੈਂਦੇ ਹੋ)।
- ਜੇ ਤੁਹਾਡੇ ਪਰਿਵਾਰ ਦੇ ਕਿਸੇ ਮੈਂਬਰ ਦੀ ਅਰਜ਼ੀ ਰੱਦ ਹੋ ਜਾਂਦੀ ਹੈ, ਤਾਂ ਸੰਭਾਵਨਾ ਹੈ ਕਿ ਤੁਸੀਂ ਸਾਰੇ ਇਕੱਠੇ ਰੱਦ ਕਰ ਦਿੱਤੇ ਜਾਵੋਗੇ।

# 11 ਯੂਕੇ/ਯੂਰਪੀਅਨ ਅਰਜ਼ੀਦਾਤਾ ਟ੍ਰਾਂਸਫਰ ਸਕੀਮ (ਯੂਈਏਟੀਐਸ/UEATS) ਹਟਾਉਣ ਲਈ

UK

### ਇਸ ਨਵੀਂ ਸਕੀਮ ਤਹਿਤ ਕੌਣ ਯੂਕੇ ਤੋਂ ਹਟਾਏ ਜਾਣ ਦੇ ਯੋਗ ਹੋਵੇਗਾ?

ਨਵੇਂ ਯੂਕੇ–ਫਰਾਂਸ ਸਮਝੌਤੇ ਦੇ ਤਹਿਤ, ਤੁਹਾਨੂੰ ਸਿਰਫ਼ ਤਦ ਹੀ ਯੂਕੇ ਤੋਂ ਹਟਾਇਆ ਜਾ ਸਕਦਾ ਹੈ ਜੇ:

- ਤੁਸੀਂ ਫਰਾਂਸ ਤੋਂ ਛੋਟੀ ਕਿਸ਼ਤੀ ਰਾਹੀਂ ਯੂਕੇ ਪਹੁੰਚੇ ਹੋ।
- ਤੁਸੀਂ ਯੂਕੇ ਵਿੱਚ ਆਸਰਾ ਲੈਣ ਦੀ ਅਰਜ਼ੀ ਨਹੀਂ ਦਿੱਤੀ ਜਾਂ ਤੁਹਾਡੀ ਅਰਜ਼ੀ "ਅਣਉਚਿਤ" ਮੰਨੀ ਜਾਂਦੀ ਹੈ – ਜਿਸਦਾ ਮਤਲਬ ਹੈ ਕਿ ਯੂਕੇ ਇਹ ਫੈਸਲਾ ਕਰਦਾ ਹੈ ਕਿ ਉਹ ਤੁਹਾਡੀ ਅਰਜ਼ੀ ਦੀ ਕਾਰਵਾਈ ਨਹੀਂ ਕਰੇਗਾ ਕਿਉਂਕਿ ਤੁਹਾਨੂੰ ਪਹਿਲਾਂ ਫਰਾਂਸ ਜਾਂ ਕਿਸੇ ਹੋਰ ਸੁਰੱਖਿਅਤ ਦੇਸ਼ ਵਿੱਚ ਆਸਰਾ ਲੈਣ ਦੀ ਅਰਜ਼ੀ ਦੇਣੀ ਚਾਹੀਦੀ ਸੀ।
- ਤੁਹਾਡੀ ਪਛਾਣ **ਯੂਕੇ ਵਿੱਚ ਆਉਣ ਤੋਂ 14 ਦਿਨਾਂ ਦੇ ਅੰਦਰ** ਹੋ ਜਾਂਦੀ ਹੈ।
- ਨਵੇਂ ਸਮਝੌਤੇ ਦੇ ਨਿਯਮਾਂ ਅਧੀਨ ਫਰਾਂਸ ਤੁਹਾਨੂੰ ਵਾਪਸ ਲੈਣ ਲਈ ਸਹਿਮਤ ਹੋ ਜਾਂਦਾ ਹੈ।

**ਮਹੱਤਵਪੂਰਨ!** ਸਿਰਫ਼ ਬਹੁਤ ਥੋੜ੍ਹੇ ਲੋਕਾਂ ਨੂੰ ਹੀ ਇਸ ਸਕੀਮ ਅਧੀਨ ਹਿਰਾਸਤ ਵਿੱਚ ਲੈ ਕੇ ਤਬਦੀਲ ਕੀਤਾ ਜਾ ਸਕਦਾ ਹੈ।

### ਕੀ ਮੈਨੂੰ ਹਟਾਏ ਜਾਣ ਤੋਂ ਪਹਿਲਾਂ ਹਿਰਾਸਤ ਵਿੱਚ ਲਿਆ ਜਾਵੇਗਾ?

ਇਹ ਸੰਭਵ ਹੈ ਕਿ ਤੁਹਾਨੂੰ ਇਮੀਗ੍ਰੇਸ਼ਨ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ ਜਦੋਂ ਤੱਕ ਇਹ ਫੈਸਲਾ ਨਹੀਂ ਹੋ ਜਾਂਦਾ ਕਿ ਤੁਹਾਨੂੰ ਹਟਾਇਆ ਜਾਵੇਗਾ ਜਾਂ ਨਹੀਂ। ਹਾਲਾਂਕਿ, ਕੁਝ ਵਿਅਕਤੀਆਂ ਨੂੰ ਹਿਰਾਸਤ ਵਿੱਚ ਨਹੀਂ ਰੱਖਣਾ ਚਾਹੀਦਾ ਕਿਉਂਕਿ ਹਿਰਾਸਤ ਦੇ ਪ੍ਰਭਾਵ ਉਨ੍ਹਾਂ ਲਈ ਨੁਕਸਾਨਦਾਇਕ ਹੋ ਸਕਦੇ ਹਨ।

**ਮਹੱਤਵਪੂਰਨ!**
ਜੇ ਤੁਸੀਂ:

- 18 ਸਾਲ ਤੋਂ ਘੱਟ ਉਮਰ ਦੇ ਹੋ
- ਤਸ਼ੱਦਦ ਜਾਂ ਸ਼ੋਸ਼ਣ/ਆਧੁਨਿਕ ਗੁਲਾਮੀ ਦੇ ਪੀੜਤ ਹੋ
- ਮਾਨਸਿਕ ਸਿਹਤ ਦੀ ਬਿਮਾਰੀ (ਜਿਵੇਂ PTSD) ਜਾਂ ਕੋਈ ਗੰਭੀਰ ਸਰੀਰਕ ਬਿਮਾਰੀ ਜਾਂ ਅਪਾਹਜਤਾ ਨਾਲ ਪੀੜਤ ਹੋ
- ਗਰਭਵਤੀ ਹੋ
- ਜੈਂਡਰ ਜਾਂ ਜਿਨਸੀ ਹਿੰਸਾ ਦੇ ਪੀੜਤ ਹੋ;

**ਤਾਂ ਇਹ ਗੱਲ ਜਿੰਨੀ ਜਲਦੀ ਹੋ ਸਕੇ, ਜ਼ਰੂਰ ਦੱਸੋ ਅਤੇ ਆਪਣੀ ਆਸਰਾ ਸਕਰੀਨਿੰਗ ਇੰਟਰਵਿਊ ਵਿੱਚ ਵੀ ਜ਼ਰੂਰ ਦੱਸੋ** (ਉਹ ਛੋਟਾ ਇੰਟਰਵਿਊ ਜੋ ਤੁਸੀਂ ਯੂਕੇ ਆਉਣ 'ਤੇ ਦਿੰਦੇ ਹੋ)।

### ਟ੍ਰਾਂਸਫਰ ਦੀ ਪ੍ਰਕਿਰਿਆ ਕੀ ਹੈ ਅਤੇ ਇਹ ਕਿੰਨਾ ਸਮਾਂ ਲਵੇਗੀ?

- ਹੋਮ ਆਫਿਸ ਵਿਅਕਤੀ ਨੂੰ ਫਰਾਂਸ ਵਾਪਸ ਭੇਜਣ ਲਈ ਅਧਿਕਾਰਕ ਤੌਰ 'ਤੇ ਬੇਨਤੀ ਕਰੇਗਾ ਅਤੇ ਵਿਅਕਤੀ ਬਾਰੇ ਜਾਣਕਾਰੀ ਭੇਜੇਗਾ (ਜਿਵੇਂ ਤੁਹਾਡੀ ਬਾਇਓਮੈਟ੍ਰਿਕ ਜਾਣਕਾਰੀ)।
- ਫਰਾਂਸ ਫਿਰ 14 ਤੋਂ 28 ਦਿਨਾਂ ਦੇ ਅੰਦਰ ਸੁਰੱਖਿਆ ਜਾਂਚਾਂ ਕਰੇਗਾ।
- ਜਦੋਂ ਫਰਾਂਸ ਪੁਸ਼ਟੀ ਕਰ ਦੇਵੇ, ਤਾਂ ਯੂਕੇ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਟ੍ਰਾਂਸਫਰ ਦੀ ਪ੍ਰਕਿਰਿਆ ਵਿੱਚ ਹੋਰ ਕੋਈ ਕਾਨੂੰਨੀ ਰੁਕਾਵਟ ਨਹੀਂ ਹੈ।

### ਜੇਕਰ ਮੈਨੂੰ ਯੂਕੇ ਵਿੱਚ ਹਿਰਾਸਤ ਵਿੱਚ ਲਿਆ ਜਾਂਦਾ ਹੈ ਤਾਂ ਮੇਰੇ ਅਧਿਕਾਰ ਕੀ ਹਨ?

- ਤੁਸੀਂ ਡਿਟੇਨਸ਼ਨ ਸੈਂਟਰ ਤੋਂ "ਜਮਾਨਤ" ਲਈ ਅਰਜ਼ੀ ਦੇ ਸਕਦੇ ਹੋ। ਹੋਮ ਆਫਿਸ ਨੇ ਇਸ ਬੇਨਤੀ 'ਤੇ ਫੈਸਲਾ ਕਰਨਾ ਹੁੰਦਾ ਹੈ।
- ਤੁਸੀਂ ਡਿਟੇਨਸ਼ਨ ਵਿੱਚ "ਡਿਟੇਨਸ਼ਨ ਐਡਵਾਈਸ ਸਰਜਰੀਜ਼" ਵਿੱਚ ਸ਼ਾਮਲ ਹੋ ਸਕਦੇ ਹੋ, ਜਿੱਥੇ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਡਿਟੇਨਸ਼ਨ ਮਸਲਿਆਂ 'ਤੇ ਮੁਫ਼ਤ ਕਾਨੂੰਨੀ ਸਲਾਹ ਦਿੱਤੀ ਜਾਂਦੀ ਹੈ।
- ਤੁਹਾਨੂੰ ਇਹ ਹੱਕ ਹੈ ਕਿ ਤੁਸੀਂ ਜਮਾਨਤ ਦੀ ਬੇਨਤੀ ਕਰਨ ਲਈ ਵਕੀਲ ਲੈ ਸਕਦੇ ਹੋ ਅਤੇ ਜੇਕਰ ਤੁਹਾਨੂੰ "ਨੋਟਿਸ ਆਫ ਇੰਟੈਂਟ" ਵੀ ਮਿਲੀ ਹੈ, ਜੋ ਕਿ ਹੋਮ ਆਫਿਸ ਵੱਲੋਂ ਭੇਜੀ ਜਾਂਦੀ ਚਿੱਠੀ ਹੁੰਦੀ ਹੈ ਜਿਸ ਰਾਹੀਂ ਤੁਹਾਨੂੰ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਨੇ ਤੁਹਾਨੂੰ ਯੂਕੇ ਤੋਂ ਕੱਢਣ ਦਾ ਫੈਸਲਾ ਕੀਤਾ ਹੈ।
- ਤੁਸੀਂ ਇਮੀਗ੍ਰੇਸ਼ਨ ਐਡਵਾਈਜ਼ਰ ਲੱਭਣ ਲਈ ਇਸ ਲਿੰਕ ਦੀ ਵਰਤੋਂ ਕਰ ਸਕਦੇ ਹੋ https://portal.immigrationadviceauthority.gov.uk/s/adviser-finder
- ਜੇਕਰ ਤੁਸੀਂ ਤਸ਼ੱਦਦ ਦਾ ਸ਼ਿਕਾਰ ਹੋ ਜਾਂ ਤੁਹਾਨੂੰ ਕੋਈ ਸਿਹਤ ਸੰਬੰਧੀ ਸਮੱਸਿਆ ਹੈ ਤਾਂ ਜਲਦੀ ਤੋਂ ਜਲਦੀ ਇਸ ਬਾਰੇ ਰਿਪੋਰਟ ਕਰੋ।

### ਜੇਕਰ ਮੈਂ ਹਿਰਾਸਤ ਵਿੱਚ ਹਾਂ ਤਾਂ ਮੈਂ ਕਿਸ ਨਾਲ ਸੰਪਰਕ ਕਰ ਸਕਦਾ/ਸਕਦੀ ਹਾਂ?

ਇਮੀਗ੍ਰੇਸ਼ਨ ਸੈਂਟਰ ਵਿੱਚ ਡਿਟੇਨ ਹੋਣ ਦੀ ਸੂਰਤ ਵਿੱਚ ਤੁਸੀਂ ਕਈ ਸੰਸਥਾਵਾਂ ਨਾਲ ਸੰਪਰਕ ਕਰ ਸਕਦੇ ਹੋ:

- AVID: 08001386568, ਕਿਸੇ ਵੀ ਰੋਕਥਾਮ ਸੈਂਟਰ ਤੋਂ ਫ਼ੋਨ ਕਰਨ ਲਈ ਮੁਫ਼ਤ
- Humans for Rights Network: 07506663089 (ਉਮਰ ਵਿਵਾਦ ਵਾਲੇ ਬੱਚਿਆਂ ਲਈ ਜੋ ਰੋਕੇ ਗਏ ਹਨ)
- Legal Support: Duncan Lewis Solicitors: 033 3772 0409
- JCWI: 0800 160 1004 (ਸੋਮਵਾਰ, ਮੰਗਲਵਾਰ, ਵੀਰਵਾਰ 10 ਵਜੇ ਤੋਂ 12 ਵਜੇ ਤੱਕ)
- Bail for Immigration Detainees: 020 7456 9750 (ਸੋਮਵਾਰ ਤੋਂ ਵੀਰਵਾਰ 10 ਵਜੇ ਤੋਂ 12 ਵਜੇ ਤੱਕ)
- Detention Action: 0800 587 2096 (ਜੋ ਲੋਕ Harmondsworth ਅਤੇ Colnbrook ਵਿੱਚ ਰੋਕੇ ਗਏ ਹਨ)
- Gatwick Detainees Welfare Group: 08003894367 (ਜੋ ਲੋਕ Brook House ਅਤੇ Tinsley House ਵਿੱਚ ਰੋਕੇ ਗਏ ਹਨ)
- JRS Detention: 07856309908 (Harmondsworth ਅਤੇ Colnbrook ਲਈ)
- Beyond Detention Yarls Wood: 0800 3101 992
- Care4Calais: 07482847775 (ਤੁਸੀਂ ਆਪਣਾ ਨਾਮ ਅਤੇ ਭਾਸ਼ਾ SMS ਰਾਹੀਂ ਭੇਜ ਸਕਦੇ ਹੋ)
- Solidarity Detainee Support: 07438407570